Punjabi | ਪੰਜਾਬੀ

# G8 EDUCATION ਦਾ ਬਾਲ ਸੁਰੱਖਿਅਤ ਸੰਸਥਾ ਢਾਂਚਾ

#ਮੈਂ ਬੱਚਿਆਂ ਦੀ ਸੁਰੱਖਿਆ ਅਤੇ ਉਨ੍ਹਾਂ ਦੀ ਰਾਖੀ ਕਰਾਂਗਾ

## ਸਾਡੇ 4 ਬਾਲ ਸੁਰੱਖਿਆ ਥੰਮ੍ਹ

### ਪ੍ਰਭਾਵਸ਼ਾਲੀ ਲੀਡਰਸ਼ਿਪ

- ਅਸੀਂ ਬੱਚਿਆਂ ਦੇ ਅਧਿਕਾਰਾਂ ਦੀ ਪਾਲਣਾ ਕਰਦੇ ਹਾਂ ਅਤੇ ਉਨ੍ਹਾਂ ਦੀ ਵਕਾਲਤ ਕਰਦੇ ਹਾਂ
- ਅਸੀਂ ਬੱਚਿਆਂ, ਪਰਿਵਾਰਾਂ ਅਤੇ ਭਾਈਚਾਰਿਆਂ ਨਾਲ ਆਪਣੇ ਰਿਸ਼ਤਿਆਂ ਦੀ ਕਦਰ ਕਰਦੇ ਹਾਂ
- ਅਸੀਂ ਟੀਮ ਦੇ ਮੈਂਬਰਾਂ ਨੂੰ ਗਿਆਨ ਅਤੇ ਸਿਖਲਾਈ ਰਾਹੀਂ ਸ਼ਕਤੀ ਪ੍ਰਦਾਨ ਕਰਦੇ ਹਾਂ ਤਾਂ ਜੋ ਉਹ ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਦੇ ਸਾਰੇ ਰੂਪਾਂ ਦੀ ਪੂਰੇ ਭਰੋਸੇ ਨਾਲ ਪਛਾਣ ਕਰ ਸਕਣ ਅਤੇ ਉਨ੍ਹਾਂ ਪ੍ਰਤੀ ਜਵਾਬੀ ਕਾਰਵਾਈ ਕਰ ਸਕਣ
- ਅਸੀਂ ਸਪੱਸ਼ਟ ਬਾਲ ਸੁਰੱਖਿਆ ਅਤੇ ਬਚਾਅ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਲਾਗੂ ਅਤੇ ਸ਼ਾਮਿਲ ਕਰਦੇ ਹਾਂ
- ਅਸੀਂ ਢੁੱਕਵੇਂ ਅਤੇ ਯੋਗਤਾ ਪ੍ਰਾਪਤ ਟੀਮ ਮੈਂਬਰਾਂ ਨੂੰ ਭਰਤੀ ਕਰਦੇ ਹਾਂ

### ਸ਼ਮੂਲੀਅਤ ਵਾਲਾ ਮਾਹੌਲ

- ਅਸੀਂ ਬੱਚਿਆਂ ਨੂੰ ਆਪਣੇ ਸੱਭਿਆਚਾਰ ਦਾ ਪ੍ਰਗਟਾਵਾ ਕਰਨ ਅਤੇ ਆਪਣੇ ਸੱਭਿਆਚਾਰਕ ਅਧਿਕਾਰਾਂ ਦਾ ਆਨੰਦ ਲੈਣ ਲਈ ਉਤਸ਼ਾਹਿਤ ਕਰਦੇ ਹਾਂ ਅਤੇ ਸਰਗਰਮੀ ਨਾਲ ਸਹਿਯੋਗ ਦਿੰਦੇ ਹਾਂ
- ਅਸੀਂ ਅਰਥਪੂਰਨ ਸੁਲ੍ਹਾ-ਸਫ਼ਾਈ ਦੀ ਕਾਰਵਾਈ ਨੂੰ ਤਰਜੀਹ ਦਿੰਦੇ ਹਾਂ
- ਅਸੀਂ ਬੱਚਿਆਂ ਲਈ ਵਿਅਕਤੀਗਤ ਤੌਰ 'ਤੇ ਫੇਰ-ਬਦਲ ਅਤੇ ਸਹਾਇਤਾ ਪ੍ਰਦਾਨ ਕਰਦੇ ਹਾਂ
- ਅਸੀਂ ਅਜਿਹੀਆਂ ਪ੍ਰਕਿਰਿਆਵਾਂ ਲਾਗੂ ਕੀਤੀਆਂ ਹੋਈਆਂ ਹਨ, ਜੋ ਨਸਲਵਾਦ ਦੇ ਮਾਮਲਿਆਂ ਦੀ ਪਛਾਣ ਕਰਨ, ਟਾਕਰਾ ਕਰਨ ਅਤੇ ਬਰਦਾਸ਼ਤ ਨਾ ਕਰਨ ਨੂੰ ਯਕੀਨੀ ਬਣਾਉਂਦੀਆਂ ਹਨ
- ਅਸੀਂ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਸ਼ਮੂਲੀਅਤ ਭਰਿਆ ਮਾਹੌਲ ਬਣਾਉਣ ਲਈ ਨੀਤੀਆਂ, ਪ੍ਰਕਿਰਿਆਵਾਂ ਅਤੇ ਪ੍ਰਣਾਲੀਆਂ ਲਾਗੂ ਕੀਤੀਆਂ ਹੋਈਆਂ ਹਨ
- ਅਸੀਂ ਬੱਚਿਆਂ ਦੀ ਸਮਾਜਿਕ, ਸੱਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ (ਜਿਵੇਂ ਕਿ ਯੋਗਤਾਵਾਂ, ਅਪਾਹਜਤਾਵਾਂ, ਲਿੰਗ, ਜਿਨਸੀ ਪਛਾਣ ਅਤੇ ਪਰਿਵਾਰਕ ਹਾਲਾਤਾਂ) ਨੂੰ ਧਿਆਨ ਵਿੱਚ ਰੱਖਦੇ ਹਾਂ

### ਬਾਲ ਸੁਰੱਖਿਅਤ ਸੱਭਿਆਚਾਰ

- ਅਸੀਂ ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਪ੍ਰਤੀ ਜ਼ੀਰੋ-ਸਹਿਣਸ਼ੀਲਤਾ ਵਾਲਾ ਰੁਖ਼ ਅਪਣਾਉਂਦੇ ਹਾਂ
- ਅਸੀਂ ਆਪਣੇ ਕੇਂਦਰਾਂ ਵਿੱਚ ਬੱਚਿਆਂ ਦੀ ਭਾਗੀਦਾਰੀ ਅਤੇ ਸਸ਼ਕਤੀਕਰਨ ਨੂੰ ਤਰਜੀਹ ਦਿੰਦੇ ਹਾਂ
- ਅਸੀਂ ਬੱਚਿਆਂ ਲਈ ਸੁਰੱਖਿਅਤ ਸਰੀਰਕ ਅਤੇ ਔਨਲਾਈਨ ਵਾਤਾਵਰਣ ਬਣਾਈ ਰੱਖਣ ਦੀ ਕੋਸ਼ਿਸ਼ ਕਰਦੇ ਹਾਂ
- ਅਸੀਂ ਹਰ ਕਿਸਮ ਦੀ ਬਾਲ ਸੁਰੱਖਿਆ ਅਤੇ ਬਚਾਅ ਸੰਬੰਧੀ ਚਿੰਤਾ ਦਾ ਢੁੱਕਵੇਂ ਤਰੀਕੇ ਨਾਲ ਜਵਾਬ ਦਿੰਦੇ ਹਾਂ
- ਅਸੀਂ ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਦੇ ਹਰ ਰੂਪ ਪ੍ਰਤੀ ਸੁਚੇਤ ਰਹਿੰਦੇ ਹਾਂ
- ਜੇਕਰ ਸਾਨੂੰ ਵਿਸ਼ਵਾਸ ਹੋਵੇ ਜਾਂ ਸ਼ੱਕ ਹੋਵੇ ਕਿ ਕਿਸੇ ਬੱਚੇ ਨੂੰ ਜ਼ੋਖਮ ਹੈ, ਤਾਂ ਅਸੀਂ ਇਸ ਖ਼ਿਲਾਫ਼ ਅਵਾਜ਼ ਉਠਾਉਂਦੇ ਹਾਂ

### ਲਗਾਤਾਰ ਸੁਧਾਰ

- ਅਸੀਂ ਬਾਲ ਸੁਰੱਖਿਆ ਅਤੇ ਬਚਾਅ ਵਿੱਚ ਇਸ ਖਿੱਤੇ ਦੇ ਮੋਹਰੀ ਬਣਨ ਲਈ ਵਚਨਬੱਧ ਹਾਂ
- ਅਸੀਂ ਨਿਯਮਤ ਤੌਰ 'ਤੇ ਬੱਚਿਆਂ, ਪਰਿਵਾਰਾਂ ਅਤੇ ਭਾਈਚਾਰਿਆਂ ਤੋਂ ਫੀਡਬੈਕ ਲੈਂਦੇ ਹਾਂ, ਜੋ ਸਾਡੀਆਂ ਕਾਰਵਾਈਆਂ ਨੂੰ ਦਿਸ਼ਾ ਅਤੇ ਜਾਣਕਾਰੀ ਦਿੰਦਾ ਹੈ
- ਅਸੀਂ ਆਪਣੀਆਂ ਟੀਮਾਂ ਨੂੰ ਨਿਰੰਤਰ ਬਾਲ-ਸੁਰੱਖਿਆ ਪੇਸ਼ੇਵਰ ਵਿਕਾਸ ਪ੍ਰਦਾਨ ਕਰਦੇ ਹਾਂ
- ਅਸੀਂ ਬਾਲ ਸੁਰੱਖਿਆ ਮਿਆਰਾਂ ਅਤੇ ਰਾਸ਼ਟਰੀ ਸਿਧਾਂਤਾਂ ਦੇ ਲਾਗੂਕਰਨ ਨੂੰ ਮਾਪਣ ਲਈ ਸੰਸਥਾ ਅਤੇ ਕੇਂਦਰ ਪੱਧਰ 'ਤੇ ਮੁਲਾਂਕਣ ਕਰਦੇ ਹਾਂ

**ਇਹ ਢਾਂਚਾ ਹੇਠ ਲਿਖੇ ਮੂਲ ਆਧਾਰਾਂ 'ਤੇ ਆਧਾਰਿਤ ਹੈ:**

ਬਾਲ ਸੁਰੱਖਿਅਤ ਸੰਸਥਾਵਾਂ ਲਈ ਰਾਸ਼ਟਰੀ ਸਿਧਾਂਤ ਅਤੇ ਬਾਲ ਸੁਰੱਖਿਆ ਮਿਆਰ

ਬੱਚਿਆਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਸਮਝੌਤਾ (UNCRC)

ਸ਼ੁਰੂਆਤੀ ਸਾਲਾਂ ਦਾ ਸਿਖਲਾਈ ਢਾਂਚਾ (EYLF)

ਅਰਲੀ ਚਾਈਲਡਹੁੱਡ ਸਿੱਖਿਆ ਅਤੇ ਦੇਖਭਾਲ ਕਾਨੂੰਨ ਅਤੇ ਨਿਯਮ

**"ਬਾਲ ਸੁਰੱਖਿਆ ਸੰਸਥਾਵਾਂ ਲਈ ਬਾਲ ਸੁਰੱਖਿਆ ਮਿਆਰਾਂ ਅਤੇ ਰਾਸ਼ਟਰੀ ਸਿਧਾਂਤਾਂ ਪ੍ਰਤੀ ਸਾਡੀ ਵਚਨਬੱਧਤਾ ਅਤੇ ਲਾਗੂਕਰਨ ਨੂੰ ਦਰਸਾਉਂਦੇ ਹੋਏ"**